Department of
**Health**

GOVERNMENT OF
WESTERN AUSTRALIA

# ‘ਸਹਾਇਤਾ ਨਾਲ ਸਵੈ-ਇੱਛਤ ਮੌਤ’ (voluntary assisted dying) ਲਈ ਪਹਿਲੀ ਬੇਨਤੀ ਕਰਨ ਵਾਲੇ ਵਿਅਕਤੀ ਲਈ ਮੰਨਜ਼ੂਰਸ਼ੁਦਾ ਜਾਣਕਾਰੀ

# ‘ਸਹਾਇਤਾ ਨਾਲ ਸਵੈ-ਇੱਛਤ ਮੌਤ’ (voluntary assisted dying) ਲਈ ਪਹਿਲੀ ਬੇਨਤੀ ਕਰਨ ਵਾਲੇ ਵਿਅਕਤੀ ਲਈ ਮੰਨਜ਼ੂਰਸ਼ੁਦਾ ਜਾਣਕਾਰੀ

ਇਹ ਮੰਨਜ਼ੂਰਸ਼ੁਦਾ ਜਾਣਕਾਰੀ ਉਸ ਮਰੀਜ਼ ਨੂੰ ਪ੍ਰਦਾਨ ਕੀਤੀ ਜਾਣੀ ਹੈ ਜੋ ਡਾਕਟਰੀ ਸਲਾਹ-ਮਸ਼ਵਰੇ ਦੌਰਾਨ (*ਵਲੰਟਰੀ ਅਸਿਸਟਡ ਡਾਇੰਗ ਐਕਟ (‘ਸਹਾਇਤਾ ਨਾਲ ਸਵੈ-ਇੱਛਤ ਮੌਤ’ ਕਾਨੂੰਨ) 2019* ਦੀ ਧਾਰਾ 20 (4) (ਬੀ) ਦੇ ਅਨੁਸਾਰ) ਮੈਡੀਕਲ ਪ੍ਰੈਕਟੀਸ਼ਨਰ ਨੂੰ ‘ਸਹਾਇਤਾ ਨਾਲ ਸਵੈ-ਇੱਛਤ ਮੌਤ’ ਲਈ ਰਸਮੀ ਤੌਰ ‘ਤੇ (ਵਿਧੀਵਤ ਰੂਪ ਵਿੱਚ) ਪਹਿਲੀ ਬੇਨਤੀ ਕਰਦਾ ਹੈ। ਜਿੱਥੇ ਢੁਕਵਾਂ ਹੋਵੇ ਉਥੇ ਇਹ ਜਾਣਕਾਰੀ ਹੋਰ ਜਾਣਕਾਰੀ ਨਾਲ ਮੁਹੱਈਆ ਕੀਤੀ ਜਾ ਸਕਦੀ ਹੈ।

‘ਸਹਾਇਤਾ ਨਾਲ ਸਵੈ-ਇੱਛਤ ਮੌਤ’ ਕਈ ਚੋਣਾਂ ਵਿੱਚੋਂ ਇੱਕ ਹੈ ਜੋ ਕੋਈ ਮਰੀਜ਼ ਆਪਣੇ ਜੀਵਨ ਦੇ ਅੰਤ ‘ਤੇ ਕਰ ਸਕਦਾ ਹੈ। ਰੋਗੀ ਨੂੰ ਆਪਣੇ ਜੀਵਨ-ਦੇ-ਅੰਤ ਦੇ ਸਾਰੇ ਵਿਕਲਪਾਂ ਬਾਰੇ ਚੇਤੰਨ ਹੋਣਾ ਚਾਹੀਦਾ ਹੈ ਜਿਸ ਵਿੱਚ ਪੈਲੀਏਟਿਵ ਕੇਅਰ (ਅੰਤਿਮ ਸਮੇਂ ਦੀ ਦਰਦ-ਘਟਾਊ ਦੇਖਭਾਲ) ਸ਼ਾਮਲ ਹੈ।

ਪੱਛਮੀ ਆਸਟ੍ਰੇਲੀਆ ਦੀ ‘ਸਹਾਇਤਾ ਨਾਲ ਸਵੈ-ਇੱਛਤ ਮੌਤ’ ਲਈ ਰਾਜ ਵਿਆਪੀ ਦੇਖਭਾਲ ਨੇਵੀਗੇਟਰ ਸਰਵਿਸ (SWCNS) ਮਰੀਜ਼ਾਂ ਦੀ ਸਹਾਇਤਾ ਕਰਨ ਅਤੇ ਉਹਨਾਂ ਸਵਾਲਾਂ ਦੇ ਜਵਾਬ ਦੇਣ ਲਈ ਉਪਲਬਧ ਹੈ ਜੋ ਉਹਨਾਂ ਦੇ ‘ਸਹਾਇਤਾ ਨਾਲ ਸਵੈ-ਇੱਛਤ ਮੌਤ’ ਬਾਰੇ ਹੋ ਸਕਦੇ ਹਨ। ਇਸ ਜਾਣਕਾਰੀ ਵਿੱਚ SWCNS ਅਤੇ ਹੋਰ ਉਪਲਬਧ ਸਹਾਇਤਾ ਵਿਕਲਪਾਂ ਬਾਰੇ ਵੇਰਵੇ ਸ਼ਾਮਲ ਕੀਤੇ ਗਏ ਹਨ।

SWCNS ਨਾਲ ਸਾਧਾਰਨ ਕੰਮਕਾਜੀ ਸਮੇਂ ਦੌਰਾਨ (ਸਵੇਰੇ 8:30 ਵਜੇ ਤੋਂ ਸ਼ਾਮ 5:00 ਵਜੇ ਤੱਕ) ਈਮੇਲ ਅਤੇ ਫ਼ੋਨ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

**ਈਮੇਲ:** VADcarenavigator@health.wa.gov.au

**ਫ਼ੋਨ:** **(08) 9431 2755**

# ‘ਸਹਾਇਤਾ ਨਾਲ ਸਵੈ-ਇੱਛਤ ਮੌਤ’ ਬਾਰੇ ਜਾਣਕਾਰੀ

## ‘ਸਹਾਇਤਾ ਨਾਲ ਸਵੈ-ਇੱਛਤ ਮੌਤ’ ਕੀ ਹੈ?

‘ਸਹਾਇਤਾ ਨਾਲ ਸਵੈ-ਇੱਛਤ ਮੌਤ’ ਇਕ ਕਾਨੂੰਨੀ ਪ੍ਰਕਿਰਿਆ ਹੈ ਜੋ ਮਰੀਜ਼ ਨੂੰ ਉਹ ਦਵਾਈ ਦੀ ਵਰਤੋਂ ਕਰਨ ਯੋਗ ਬਣਾਉਂਦੀ ਹੈ ਜੋ ਉਸਦੀ ਮੌਤ ਦਾ ਕਾਰਨ ਬਣਦੀ ਹੈ। ਇਹ ਦਵਾਈ ‘ਸਹਾਇਤਾ ਨਾਲ ਸਵੈ-ਇੱਛਤ ਮੌਤ’ ਵਾਲੇ ਪਦਾਰਥ ਵਜੋਂ ਜਾਣੀ ਜਾਂਦੀ ਹੈ। ਮਰੀਜ਼ ਆਪਣੇ-ਆਪ ਇਸ ਪਦਾਰਥ ਨੂੰ ਲੈਣ ਦੀ ਚੋਣ ਕਰ ਸਕਦਾ ਹੈ ਜਾਂ ਕਿਸੇ ਡਾਕਟਰੀ ਪ੍ਰੈਕਟੀਸ਼ਨਰ ਜਾਂ ਨਰਸ ਪ੍ਰੈਕਟੀਸ਼ਨਰ ਦੁਆਰਾ ਆਪਣੀ ਪਸੰਦ ਦੇ ਸਮੇਂ ਅਤੇ ਸਥਾਨ ‘ਤੇ ਇਸਨੂੰ ਦਿੱਤੇ ਜਾਣ ਦਾ ਪ੍ਰਬੰਧ ਕਰ ਸਕਦਾ ਹੈ।

‘ਸਹਾਇਤਾ ਨਾਲ ਸਵੈ-ਇੱਛਤ ਮੌਤ’, ਇਹ ਸ਼ਬਦ ਮਰੀਜ਼ ਦੀ ਚੋਣ ਦੇ ਸਵੈਇੱਛਕ ਸੁਭਾਅ, ਅਤੇ ਫੈਸਲਾ ਲੈਣ ਦੀ ਉਸ ਦੀ ਟਿਕਾਊ ਸਮਰੱਥਾ ‘ਤੇ ਜ਼ੋਰ ਦਿੰਦਾ ਹੈ। *ਵਾਲੰਟਰੀ ਅਸਿਸਟਡ ਡਾਇੰਗ ਐਕਟ 2019* (ਦਿ ਐਕਟ) ‘ਸਹਾਇਤਾ ਨਾਲ ਸਵੈ-ਇੱਛਤ ਮੌਤ’ ਸਬੰਧੀ ਕਾਨੂੰਨ ਹੈ ਜੋ ਵੈਸਟਰਨ ਆੱਸਟ੍ਰੇਲੀਆ (WA) ਵਿੱਚ ‘ਸਹਾਇਤਾ ਨਾਲ ਸਵੈ-ਇੱਛਤ ਮੌਤ’ ਨੂੰ ਨਿਯਮਤ ਕਰਦਾ ਹੈ।

## ਸਹਾਇਤਾ ਨਾਲ ਸਵੈ-ਇੱਛਤ ਮੌਤ ਨੂੰ ਲੈਣ ਲਈ ਕੌਣ ਯੋਗ ਹੈ?

### ਉਮਰ

ਇਹ ਵਿਅਕਤੀ ਲਾਜ਼ਮੀ ਤੌਰ ‘ਤੇ ਬਾਲਗ਼ ਹੋਣਾ ਚਾਹੀਦਾ ਹੈ (18 ਸਾਲ ਜਾਂ ਇਸ ਤੋਂ ਵੱਧ ਉਮਰ ਦਾ)।

### ਨਿਵਾਸ

ਇਹ ਵਿਅਕਤੀ ਲਾਜ਼ਮੀ ਤੌਰ ‘ਤੇ ਆਸਟਰੇਲੀਆ ਦਾ ਨਾਗਰਿਕ ਜਾਂ ਸਥਾਈ ਨਿਵਾਸੀ ਹੋਣਾ ਚਾਹੀਦਾ ਹੈ ਅਤੇ ਪਹਿਲੀ ਬੇਨਤੀ ਕਰਨ ਵੇਲੇ ਘੱਟੋ-ਘੱਟ 12 ਮਹੀਨਿਆਂ ਤੋਂ WA ਵਿਚ ਆਮ ਤੌਰ ‘ਤੇ ਵਸਿਆ ਹੋਇਆ ਹੋਣਾ ਚਾਹੀਦਾ ਹੈ।

### ਡਾਕਟਰੀ ਸ਼ਰਤਾਂ

ਵਿਅਕਤੀ ਨੂੰ ਘੱਟੋ-ਘੱਟ ਕਿਸੇ ਇੱਕ ਬਿਮਾਰੀ, ਰੋਗ ਜਾਂ ਡਾਕਟਰੀ ਸਥਿਤੀ ਦੀ ਤਸ਼ਖ਼ੀਸ ਹੋਈ ਹੋਣੀ ਲਾਜ਼ਮੀ ਹੈ ਜੋ ਅਗਲੇ ਪੜ੍ਹਾਅ ‘ਤੇ ਪੁਹੰਚ ਚੁਕੀ ਹੈ, ਵਧਣਸ਼ੀਲ ਹੈ ਅਤੇ (ਸੰਭਾਵਨਾਵਾਂ ਦੇ ਸੰਤੁਲਨ ‘ਤੇ) ਛੇ ਮਹੀਨਿਆਂ ਦੇ ਅੰਦਰ-ਅੰਦਰ ਜਾਂ 12 ਮਹੀਨਿਆਂ ਵਿਚ ਮੌਤ ਦਾ ਕਾਰਨ ਬਣ ਸਕਦੀ ਹੈ, ਜੇ ਇਹ ਕੋਈ ਨਿਊਰੋ-ਡੀਜਨਰੇਟਿਵ ਸਮੱਸਿਆ ਹੈ।

ਬਿਮਾਰੀ, ਰੋਗ ਜਾਂ ਡਾਕਟਰੀ ਸਮੱਸਿਆ ਲਾਜ਼ਮੀ ਤੌਰ ‘ਤੇ ਦੁੱਖ ਭੋਗਣ ਦਾ ਕਾਰਨ ਬਣ ਰਹੀ ਹੋਵੇ ਜਿਸਨੂੰ ਇਸ ਤਰੀਕੇ ਨਾਲ ਰਾਹਤ ਨਹੀਂ ਦਿੱਤੀ ਜਾ ਸਕਦੀ ਜਿਸ ਨੂੰ ਇਹ ਵਿਅਕਤੀ ਸਹਿਣਸ਼ੀਲ ਸਮਝਦਾ ਹੈ।

## ਫੈਸਲਾ-ਲੈਣ ਦੀ ਸਮਰੱਥਾ

ਇਸ ਵਿਅਕਤੀ ਵਿਚ ਸਹਾਇਤਾ ਨਾਲ ਸਵੈ-ਇੱਛਤ ਮੌਤ ਦੇ ਸਬੰਧ ਵਿੱਚ ਫੈਸਲਾ ਲੈਣ ਦੀ ਸਮਰੱਥਾ ਹੋਣੀ ਚਾਹੀਦੀ ਹੈ।

ਇਸਦਾ ਅਰਥ ਇਹ ਹੈ ਕਿ ਵਿਅਕਤੀ ਕੋਲ ਹੇਠ ਲਿਖੀ ਸਮਰੱਥਾ ਹੋਣੀ ਚਾਹੀਦੀ ਹੈ:

- ਸਹਾਇਤਾ ਨਾਲ ਸਵੈ-ਇੱਛਤ ਮੌਤ ਬਾਰੇ ਕੋਈ ਜਾਣਕਾਰੀ ਜਾਂ ਸਲਾਹ ਨੂੰ ਸਮਝਣ ਦੀ ਜੋ ਉਹਨਾਂ ਨੂੰ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ
- 'ਸਹਾਇਤਾ ਨਾਲ ਸਵੈ-ਇੱਛਤ ਮੌਤ' ਵਾਲੇ ਫੈਸਲੇ ਵਿੱਚ ਸ਼ਾਮਲ ਮਾਮਲਿਆਂ ਨੂੰ ਸਮਝਣ ਦੀ
- ਸਹਾਇਤਾ ਨਾਲ ਸਵੈ-ਇੱਛਤ ਮੌਤ ਵਾਲੇ ਫੈਸਲੇ ਦੇ ਪ੍ਰਭਾਵ ਨੂੰ ਸਮਝਣਾ
- 'ਸਹਾਇਤਾ ਨਾਲ ਸਵੈ-ਇੱਛਤ ਮੌਤ' ਵਾਲਾ ਫ਼ੈਸਲਾ ਲੈਣ ਦੇ ਉਦੇਸ਼ਾਂ ਲਈ ਇਹਨਾਂ ਕਾਰਕਾਂ ਨੂੰ ਵਿਚਾਰੋ
- ਆਪਣੇ ਫ਼ੈਸਲੇ ਨੂੰ ਕਿਸੇ ਤਰੀਕੇ ਨਾਲ ਦੱਸੋ।

## ਸਵੈਇੱਛੁਕਤਾ

ਇਸ ਵਿਅਕਤੀ ਨੂੰ ਲਾਜ਼ਮੀ ਤੌਰ 'ਤੇ ਸਵੈਇੱਛਤ ਅਤੇ ਬਿਨਾਂ ਜ਼ਬਰਦਸਤੀ ਕਾਰਵਾਈ ਕਰਨੀ ਚਾਹੀਦੀ ਹੈ (ਭਾਵ, ਕਿਸੇ ਹੋਰ ਵਿਅਕਤੀ ਦੁਆਰਾ ਬਿਨ੍ਹਾਂ ਮਜ਼ਬੂਰ ਕੀਤੇ, ਪ੍ਰਭਾਵਿਤ ਕੀਤੇ ਜਾਂ ਸਮਝਾਏ-ਬੁਝਾਏ ਬਿਨਾਂ)।

## ਪੱਕੀ ਬੇਨਤੀ

ਇਸ ਵਿਅਕਤੀ ਦੀ ਬੇਨਤੀ ਨੂੰ ਪੱਕਾ ਹੋਣਾ ਚਾਹੀਦਾ ਹੈ (ਸਮੇਂ ਦੀ ਮਿਆਦ ਦੇ ਨਾਲ ਟਿਕਣਾ ਚਾਹੀਦਾ ਹੈ)।

**ਜੇ ਇਹ ਵਿਅਕਤੀ ਯੋਗਤਾ ਦੇ ਸਾਰੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ ਹੈ, ਤਾਂ ਉਹ ਸਵੈਇੱਛੁਕ ਤੌਰ 'ਤੇ ਸਹਾਇਤਾ ਨਾਲ ਨਹੀਂ ਮਰ ਸਕਦਾ।**

# ਸਹਾਇਤਾ ਨਾਲ ਸਵੈ-ਇੱਛਤ ਮੌਤ ਦੀ ਪ੍ਰਕਿਰਿਆ ਬਾਰੇ ਜਾਣਕਾਰੀ

ਸਹਾਇਤਾ ਨਾਲ ਸਵੈ-ਇੱਛਤ ਮੌਤ ਦੀ ਪ੍ਰਕਿਰਿਆ ਵਿਚ ਸ਼ਾਮਲ ਪ੍ਰੈਕਟੀਸ਼ਨਰ ਆਪਣੇ ਮਰੀਜ਼ਾਂ ਦੀ ਸਹਾਇਤਾ ਲਈ ਯੋਗ ਹਨ। ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਲਾਜ਼ਮੀ ਤੌਰ 'ਤੇ ਕੁਝ ਯੋਗਤਾ ਸ਼ਰਤਾਂ ਨੂੰ ਪੂਰੀਆਂ ਕਰਦੇ ਹੋਣਾ ਚਾਹੀਦਾ ਹੈ ਅਤੇ ਲਾਜ਼ਮੀ ਸਿਖਲਾਈ ਪੂਰੀ ਕੀਤੀ ਹੋਣੀ ਚਾਹੀਦੀ ਹੈ ਇਸ ਤੋਂ ਪਹਿਲਾਂ ਕਿ ਉਹ ਸਹਾਇਤਾ ਨਾਲ ਸਵੈ-ਇੱਛਤ ਮੌਤ ਦੀ ਪ੍ਰਕਿਰਿਆ ਵਿਚ ਸ਼ਾਮਲ ਹੋਣ। ਜੇ ਕੋਈ ਨਰਸ ਪ੍ਰੈਕਟੀਸ਼ਨਰ ਸ਼ਾਮਲ ਹੁੰਦੀ ਹੈ, ਤਾਂ ਉਸ ਨੂੰ ਲਾਜ਼ਮੀ ਤੌਰ 'ਤੇ ਕੁਝ ਯੋਗਤਾ ਜ਼ਰੂਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ ਅਤੇ ਲਾਜ਼ਮੀ ਸਿਖਲਾਈ ਪੂਰੀ ਕੀਤੀ ਹੋਣੀ ਚਾਹੀਦੀ ਹੈ।

ਡਾਕਟਰੀ ਪ੍ਰੈਕਟੀਸ਼ਨਰ ਜਾਂ ਨਰਸ ਪ੍ਰੈਕਟੀਸ਼ਨਰ ਨਾਲ ਸਵੈਇੱਛਕ ਤੌਰ 'ਤੇ ਸਹਾਇਤਾ ਨਾਲ ਮਰਨ ਬਾਰੇ ਵਿਚਾਰ-ਵਟਾਂਦਰਾ ਕਰਨ ਨਾਲ ਸਵੈਇੱਛਕ ਤੌਰ 'ਤੇ ਸਹਾਇਤਾ ਨਾਲ ਮਰਨ ਦੀ ਪ੍ਰਕਿਰਿਆ ਸ਼ੁਰੂ ਨਹੀਂ ਹੋ ਜਾਂਦੀ ਹੈ। ਇਸ ਲਈ ਮਰੀਜ਼ ਨੂੰ ਸਵੈਇੱਛਕ ਤੌਰ 'ਤੇ ਸਹਾਇਤਾ ਨਾਲ ਮਰਨ ਦੀ ਮੰਗ ਕਰਨ ਲਈ ਸਪਸ਼ਟ ਅਤੇ ਸੰਦੇਹ-ਹੀਨ ਬੇਨਤੀ ਕਰਨ ਦੀ ਜ਼ਰੂਰਤ ਹੁੰਦੀ ਹੈ, ਜਿਸ ਨੂੰ ਪਹਿਲੀ ਬੇਨਤੀ ਕਿਹਾ ਜਾਂਦਾ ਹੈ। ਇਹ ਪਹਿਲੀ ਬੇਨਤੀ ਕਾਨੂੰਨ ਦੇ ਅਨੁਸਾਰ ਪ੍ਰਕਿਰਿਆ ਦੀ ਸ਼ੁਰੂਆਤ ਕਰਦੀ ਹੈ।

ਸਹਾਇਤਾ ਨਾਲ ਸਵੈ-ਇੱਛਤ ਮੌਤ ਦੀ ਪ੍ਰਕਿਰਿਆ ਵਿਚ 10 ਪੜ੍ਹਾਅ ਹਨ। ਪੜ੍ਹਾਅ 1 ਤੋਂ 6 ਵਿਚ ਬੇਨਤੀ ਕਰਨ ਅਤੇ ਮੁਲਾਂਕਣ ਪ੍ਰਕਿਰਿਆ ਸ਼ਾਮਲ ਹੁੰਦੀ ਹੈ। 7 ਤੋਂ 10 ਪੜ੍ਹਾਅ ਇਸਨੂੰ ਦੇਣ ਦੀ ਪ੍ਰਕਿਰਿਆ ਨੂੰ ਸ਼ਾਮਿਲ ਕਰਦੇ ਹਨ। ਕੋਈ ਵੀ ਮਰੀਜ਼ ਕਿਸੇ ਵੀ ਸਮੇਂ ਇਸ ਪ੍ਰਕਿਰਿਆ ਨੂੰ ਰੋਕ ਸਕਦਾ ਹੈ।



## 1. ਪਹਿਲੀ ਬੇਨਤੀ

ਇਹ ਪਹਿਲੀ ਬੇਨਤੀ ਸਹਾਇਤਾ ਨਾਲ ਸਵੈ-ਇੱਛਤ ਮੌਤ ਵਾਸਤੇ ਬੇਨਤੀ ਹੈ ਜੋ ਡਾਕਟਰੀ ਸਲਾਹ-ਮਸ਼ਵਰੇ ਦੌਰਾਨ, ਡਾਕਟਰੀ ਪ੍ਰੈਕਟੀਸ਼ਨਰ ਨੂੰ ਕੀਤੀ ਜਾਂਦੀ ਹੈ। ਇਸ ਗੱਲ ਨੂੰ ਮਰੀਜ਼ ਨੂੰ ਮੈਡੀਕਲ ਪ੍ਰੈਕਟੀਸ਼ਨਰ ਨੂੰ ਸਪਸ਼ਟ ਰੂਪ ਵਿਚ ਅਤੇ ਬਿਨ੍ਹਾਂ ਕਿਸੇ ਸ਼ੱਕ-ਸੁਬ੍ਹਾ ਦੇ ਜ਼ਾਹਰ ਕਰਨਾ ਚਾਹੀਦਾ ਹੈ ਕਿ ਉਹ ਸਹਾਇਤਾ ਨਾਲ ਸਵੈ-ਇੱਛਤ ਮੌਤ ਚਾਹੁੰਦੇ ਹਨ।

ਮੈਡੀਕਲ ਪ੍ਰੈਕਟੀਸ਼ਨਰ ਇਸ ਪਹਿਲੀ ਬੇਨਤੀ ਨੂੰ ਸਵੀਕਾਰ ਜਾਂ ਅਸਵੀਕਾਰ ਕਰਨ ਦਾ ਫੈਸਲਾ ਕਰੇਗਾ। ਹੋ ਸਕਦਾ ਹੈ ਕਿ ਉਹ ਇਸ ਲਈ ਇਨਕਾਰ ਕਰ ਦੇਣ ਕਿਉਂਕਿ ਉਹ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਨਾਲ ਸਹਿਮਤ ਨਹੀਂ ਹਨ (ਉਹਨਾਂ ਨੂੰ ਸਵੈਇੱਛੁਕ ਤੌਰ 'ਤੇ ਸਹਾਇਤਾ ਨਾਲ ਮਰਨ 'ਤੇ ਜ਼ਬਰਦਸਤ ਇਤਰਾਜ਼ ਹੈ) ਜਾਂ ਕਿਉਂਕਿ ਉਹ ਯੋਗ ਨਹੀਂ ਹਨ ਜਾਂ ਬੇਨਤੀ ਨੂੰ ਸਵੀਕਾਰ ਕਰਨ ਦੇ ਯੋਗ ਨਹੀਂ ਹਨ। ਭਾਵੇਂ ਉਹ ਇਸ ਪਹਿਲੀ ਬੇਨਤੀ ਨੂੰ ਸਵੀਕਾਰ ਜਾਂ ਅਸਵੀਕਾਰ ਕਰਦੇ ਹਨ, WA ਵਿਚ ਮੈਡੀਕਲ ਪ੍ਰੈਕਟੀਸ਼ਨਰ ਨੂੰ ਲਾਜ਼ਮੀ ਤੌਰ 'ਤੇ ਮਰੀਜ਼ ਨੂੰ ਸਵੈਇੱਛੁਕ ਤੌਰ 'ਤੇ ਸਹਾਇਤਾ ਨਾਲ ਮਰਨ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ।

ਜੇ ਅੰਗ੍ਰੇਜ਼ੀ ਰੋਗੀ ਦੀ ਮੂਲ ਭਾਸ਼ਾ ਨਹੀਂ ਹੈ ਜਾਂ ਉਨ੍ਹਾਂ ਨੂੰ ਗੱਲਬਾਤ ਕਰਨ ਵਿੱਚ ਮੁਸ਼ਕਲ ਹੈ, ਤਾਂ ਕਿਸੇ ਦੁਭਾਸ਼ੀਏ ਜਾਂ ਸੰਚਾਰ ਸਹਾਇਕ ਦੀ ਵਰਤੋਂ ਪਹਿਲੀ ਬੇਨਤੀ ਕਰਨ ਲਈ ਕੀਤੀ ਜਾ ਸਕਦੀ ਹੈ। ਜੇ ਡਾਕਟਰੀ ਸਲਾਹ-ਮਸ਼ਵਰਾ ਟੈਲੀਹੈਲਥ ਰਾਹੀਂ ਹੋ ਰਿਹਾ ਹੈ ਤਾਂ ਇਹ ਲਾਜ਼ਮੀ ਤੌਰ 'ਤੇ ਵੀਡੀਓ ਕਾਨਫਰੰਸਿੰਗ ਐਪਲੀਕੇਸ਼ਨ ਦੀ ਵਰਤੋਂ ਕਰਕੇ ਹੋਣੀ ਚਾਹੀਦੀ ਹੈ ਤਾਂ ਜੋ ਮੈਡੀਕਲ ਪ੍ਰੈਕਟੀਸ਼ਨਰ ਮਰੀਜ਼ ਨੂੰ, ਦੋਵੇਂ ਤਰਾਂ, ਵੇਖ ਅਤੇ ਸੁਣ ਸਕੇ ਅਤੇ ਉਨ੍ਹਾਂ ਦੀ ਬੇਨਤੀ' ਤੇ ਵਿਚਾਰ ਕਰ ਸਕੇ।

## 2. ਪਹਿਲਾਂ ਮੁਲਾਂਕਣ

ਇੱਕ ਵਾਰ ਜਦੋਂ ਮੈਡੀਕਲ ਪ੍ਰੈਕਟੀਸ਼ਨਰ ਪਹਿਲੀ ਬੇਨਤੀ ਸਵੀਕਾਰ ਕਰ ਲੈਂਦਾ ਹੈ, ਤਾਂ ਉਹ ਮਰੀਜ਼ ਲਈ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਬਣ ਜਾਂਦਾ ਹੈ। ਇਸ ਭੂਮਿਕਾ ਵਿੱਚ ਉਹ ਮਰੀਜ਼ ਲਈ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੀ ਪ੍ਰਕਿਰਿਆ ਦਾ ਤਾਲਮੇਲ ਕਰਨਗੇ। ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਲਈ ਪਹਿਲਾ ਕਦਮ ਸਹਾਇਤਾ ਨਾਲ ਸਵੈ-ਇੱਛਤ ਮੌਤ ਵਾਲੇ ਮਰੀਜ਼ ਦੀ ਯੋਗਤਾ ਦਾ ਰਸਮੀ ਤੌਰ 'ਤੇ ਮੁਲਾਂਕਣ ਕਰਨਾ ਹੈ ਇਹ ਯਕੀਨੀ ਬਣਾਉਣ ਲਈ ਕਿ ਉਹ ਇਸ ਕਾਨੂੰਨ ਦੁਆਰਾ ਨਿਰਧਾਰਤ ਕੀਤੇ ਸਾਰੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ। ਇਸ ਮੁਲਾਂਕਣ ਨੂੰ ਪਹਿਲਾ ਮੁਲਾਂਕਣ ਕਿਹਾ ਜਾਂਦਾ ਹੈ।

ਜੇ ਮਰੀਜ਼ ਪਹਿਲੇ ਮੁਲਾਂਕਣ ਦੇ ਨਤੀਜੇ ਨਾਲ ਸਹਿਮਤ ਨਹੀਂ ਹੁੰਦਾ ਹੈ, ਤਾਂ ਉਹ ਰਾਜ ਪ੍ਰਬੰਧਕੀ ਟ੍ਰਿਬਿਊਨਲ (SAT) ਦੁਆਰਾ ਮੁਲਾਂਕਣ ਕੀਤੇ ਕੁਝ ਫੈਸਲਿਆਂ 'ਤੇ ਮੁੜ-ਵਿਚਾਰ ਕਰਨ ਲਈ ਬੇਨਤੀ ਕਰ ਸਕਦੇ ਹਨ। ਇਹ ਸਲਾਹ-ਮਸ਼ਵਰਾ ਮੁਲਾਂਕਣ ਅਤੇ ਅੰਤਮ ਸਮੀਖਿਆ 'ਤੇ ਵੀ ਲਾਗੂ ਹੁੰਦਾ ਹੈ।

## 3. ਸਲਾਹ-ਮਸ਼ਵਰਾ ਮੁਲਾਂਕਣ

ਜੇ ਪਹਿਲੇ ਮੁਲਾਂਕਣ ਦਾ ਨਤੀਜਾ ਇਹ ਹੁੰਦਾ ਹੈ ਕਿ ਮਰੀਜ਼ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੇ ਯੋਗ ਹੈ, ਤਾਂ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਉਨ੍ਹਾਂ ਨੂੰ ਮੁਲਾਂਕਣ ਲਈ ਕਿਸੇ ਹੋਰ ਮੈਡੀਕਲ ਪ੍ਰੈਕਟੀਸ਼ਨਰ ਕੋਲ ਭੇਜੇਗਾ। ਇਹ ਮੈਡੀਕਲ ਪ੍ਰੈਕਟੀਸ਼ਨਰ ਮਰੀਜ਼ ਲਈ ਸਲਾਹਕਾਰ ਪ੍ਰੈਕਟੀਸ਼ਨਰ ਬਣ ਜਾਂਦਾ ਹੈ ਅਤੇ ਸਹਾਇਤਾ ਨਾਲ ਸਵੈ-ਇੱਛਤ ਮੌਤ ਲਈ ਉਨ੍ਹਾਂ ਦੀ ਯੋਗਤਾ ਦਾ ਨਿਰਪੱਖ ਤੌਰ 'ਤੇ ਮੁਲਾਂਕਣ ਕਰੇਗਾ। ਇਸ ਮੁਲਾਂਕਣ ਨੂੰ ਸਲਾਹ-ਮਸ਼ਵਰਾ ਮੁਲਾਂਕਣ ਕਿਹਾ ਜਾਂਦਾ ਹੈ।

## 4. ਲਿਖਤੀ ਘੋਸ਼ਣਾ

ਜੇ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਅਤੇ ਸਲਾਹਕਾਰ ਪ੍ਰੈਕਟੀਸ਼ਨਰ ਦੋਵਾਂ ਦੁਆਰਾ ਮਰੀਜ਼ ਦਾ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੇ ਯੋਗ ਵਿਅਕਤੀ ਵਜੋਂ ਮੁਲਾਂਕਣ ਕੀਤਾ ਗਿਆ ਹੈ, ਤਾਂ ਮਰੀਜ਼ ਦੋ ਗਵਾਹਾਂ ਦੀ ਮੌਜੂਦਗੀ ਵਿੱਚ ਇੱਕ ਲਿਖਤੀ ਘੋਸ਼ਣਾ ਕਰ ਸਕਦਾ ਹੈ, ਜਿਸ ਵਿੱਚ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਤੱਕ ਪਹੁੰਚ ਦੀ ਬੇਨਤੀ ਕੀਤੀ ਜਾ ਸਕਦੀ ਹੈ।

## 5. ਅੰਤਮ ਬੇਨਤੀ

ਜੇ ਮਰੀਜ਼ ਨੇ ਲਿਖਤੀ ਘੋਸ਼ਣਾ ਕੀਤੀ ਹੈ, ਤਦ ਉਹ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਲਈ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਨੂੰ ਅੰਤਮ ਬੇਨਤੀ ਕਰ ਸਕਦੇ ਹਨ। ਅੰਤਮ ਬੇਨਤੀ, ਨੌਂ ਦਿਨਾਂ ਦੇ ਨਿਰਧਾਰਤ ਸਮੇਂ ਦੇ ਖ਼ਤਮ ਹੋਣ ਤੋਂ ਪਹਿਲਾਂ ਨਹੀਂ ਕੀਤੀ ਜਾ ਸਕਦੀ, ਜੋ ਕਿ ਪਹਿਲੀ ਬੇਨਤੀ ਦੇ ਦਿਨ ਤੋਂ ਸ਼ੁਰੂ ਹੁੰਦੀ ਹੈ।

ਜੇ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਅਤੇ ਸਲਾਹਕਾਰ ਪ੍ਰੈਕਟੀਸ਼ਨਰ ਦੋਵੇਂ ਇਹ ਮੰਨਦੇ ਹਨ ਕਿ ਨਿਰਧਾਰਤ ਸਮੇਂ ਦੀ ਸਮਾਪਤੀ ਤੋਂ ਪਹਿਲਾਂ ਮਰੀਜ਼ ਅਕਾਲ-ਚਲਾਣਾ ਕਰ ਜਾਵੇਗਾ ਜਾਂ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਬਾਰੇ ਫ਼ੈਸਲਾ ਲੈਣ ਲਈ ਆਪਣੀ ਸਮਰੱਥਾ ਗੁਆ ਦੇਵੇਗਾ, ਤਾਂ ਮਰੀਜ਼ ਨੂੰ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਵਾਲੇ ਪਦਾਰਥ ਤਕ ਜਲਦੀ ਪਹੁੰਚ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ।

ਅੰਤਮ ਬੇਨਤੀ ਇਹ ਯਕੀਨੀ ਬਣਾਉਣ ਵਿੱਚ ਸਹਾਇਤਾ ਕਰਦੀ ਹੈ ਕਿ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਤੱਕ ਪਹੁੰਚ ਕਰ ਰਹੇ ਰੋਗੀ ਦਾ ਫੈਸਲਾ ਦ੍ਰਿੜਤਾ ਵਾਲਾ ਹੈ ਅਤੇ ਬਦਲਿਆ ਨਹੀਂ ਹੈ। ਜੇ ਮਰੀਜ਼ ਜਾਇਜ਼ ਤੌਰ ਤੇ ਅੰਤਮ ਬੇਨਤੀ ਕਰਦਾ ਹੈ ਤਾਂ ਫਿਰ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਅੰਤਮ ਸਮੀਖਿਆ ਦੀ ਪ੍ਰਕਿਰਿਆ ਸ਼ੁਰੂ ਕਰੇਗਾ।

## 6. ਅੰਤਮ ਸਮੀਖਿਆ

ਅੰਤਮ ਸਮੀਖਿਆ ਲਈ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਨੂੰ ਇਹ ਜਾਂਚ ਕਰਨ ਦੀ ਲੋੜ ਹੈ ਕਿ ਇਹ ਬੇਨਤੀ ਅਤੇ ਮੁਲਾਂਕਣ ਦੀ ਪ੍ਰਕਿਰਿਆ ਕਾਨੂੰਨ ਦੇ ਅਨੁਸਾਰ ਪੂਰੀ ਹੋਈ ਹੈ। ਇਸਦਾ ਅਰਥ ਇਹ ਹੈ ਕਿ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮਰੀਜ਼ ਦੀ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੇ ਸੰਬੰਧ ਵਿੱਚ ਫੈਸਲਾ ਲੈਣ ਦੀ ਸਮਰੱਥਾ ਹਾਲੇ ਵੀ ਕਾਇਮ ਹੈ, ਸਵੈ-ਇੱਛਾ ਨਾਲ ਅਤੇ ਬਿਨ੍ਹਾਂ ਕਿਸੇ ਜ਼ਬਰਦਸਤੀ ਦੇ ਕਾਰਵਾਈ ਕਰ ਰਿਹਾ ਹੈ, ਅਤੇ ਅਜੇ ਵੀ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਚਾਹੁੰਦਾ ਹੈ।

**ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਮਰੀਜ਼ ਕਿਸੇ ਵੀ ਸਮੇਂ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੀ ਪ੍ਰਕਿਰਿਆ ਨੂੰ ਰੋਕ ਸਕਦਾ ਹੈ। ਬੇਨਤੀ ਅਤੇ ਮੁਲਾਂਕਣ ਪ੍ਰਕਿਰਿਆ ਨੂੰ ਪੂਰਾ ਕਰਨ ਦੇ ਬਾਵਜੂਦ ਵੀ ਮਰੀਜ਼ 'ਤੇ ਇਸਨੂੰ ਜਾਰੀ ਰੱਖਣ ਦੀ ਕੋਈ ਪਾਬੰਦੀ ਨਹੀਂ ਹੈ।**

## 7. ਸੰਚਾਲਨ ਕਰਨ ਦਾ ਫੈਸਲਾ

ਮਰੀਜ਼ ਨੂੰ ਆਪਣੇ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਦੀ ਮਦਦ ਨਾਲ ਇਹ ਫ਼ੈਸਲਾ ਕਰਨ ਦੀ ਜ਼ਰੂਰਤ ਹੋਏਗੀ, ਕਿ ਕੀ ਉਹ ਸਵੈਇੱਛਕ ਤੌਰ 'ਤੇ ਸਹਾਇਤਾ ਨਾਲ ਮਰਨ ਵਾਲੇ ਪਦਾਰਥ ਦਾ ਸਵੈ-ਸੰਚਾਲਨ ਕਰਨਗੇ (ਇਸਨੂੰ ਆਪਣੇ-ਆਪ ਲੈਣਗੇ) ਜਾਂ ਜੇ ਢੁਕਵਾਂ ਹੋਏ ਤਾਂ ਕਿਸੇ ਐਡਮਿਨਿਸਟ੍ਰਿੰਗ (ਦੇਣ ਵਾਲੇ) ਪ੍ਰੈਕਟਿਸ਼ਨਰ ਨੂੰ, ਉਨ੍ਹਾਂ ਨੂੰ ਇਸਨੂੰ ਦੇਣ ਦਾ ਪ੍ਰਬੰਧ ਕਰਾਉਣਗੇ। ਐਡਮਿਨਿਸਟ੍ਰਿੰਗ (ਦੇਣ ਵਾਲਾ) ਪ੍ਰੈਕਟੀਸ਼ਨਰ ਆਮ ਤੌਰ 'ਤੇ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਹੀ ਹੁੰਦਾ ਹੈ। ਕੁਝ ਮਾਮਲਿਆਂ ਵਿੱਚ, ਕੋਈ ਹੋਰ ਯੋਗ ਮੈਡੀਕਲ ਪ੍ਰੈਕਟੀਸ਼ਨਰ ਜਾਂ ਨਰਸ ਪ੍ਰੈਕਟੀਸ਼ਨਰ ਮਰੀਜ਼ ਲਈ ਐਡਮਿਨਿਸਟਰਿੰਗ ਪ੍ਰੈਕਟੀਸ਼ਨਰ ਬਣਨ ਲਈ ਅੱਗੇ ਆ ਸਕਦੇ ਹਨ।

ਜੇ ਮਰੀਜ਼ ਸਵੈਇੱਛਕ ਤੌਰ 'ਤੇ ਸਹਾਇਤਾ ਨਾਲ ਮਰਨ ਵਾਲੇ ਪਦਾਰਥ ਨੂੰ ਆਪਣੇ-ਆਪ ਲੈਣ ਦਾ ਫੈਸਲਾ ਕਰਦਾ ਹੈ, ਤਾਂ ਉਨ੍ਹਾਂ ਨੂੰ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਦੁਆਰਾ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਵਾਲੇ ਪਦਾਰਥ ਦੀ ਲਿਖਤ ਤਜ਼ਵੀਜ਼ ਦੇਣ ਤੋਂ ਪਹਿਲਾਂ ਸੰਪਰਕ ਵਿਅਕਤੀ ਦੀ ਨਿਯੁਕਤੀ ਕਰਨੀ ਲਾਜ਼ਮੀ ਹੈ।

## 8. ਡਾਕਟਰ ਦੀ ਲਿਖਤ ਤਜ਼ਵੀਜ਼ (ਨੁਸਖਾ)

ਕੋਆਰਡੀਨੇਟਿੰਗ ਪ੍ਰੈਕਟੀਸ਼ਨਰ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਵਾਲੇ ਪਦਾਰਥ ਦੀ ਲਿਖਤ ਤਜ਼ਵੀਜ਼ (ਨੁਸਖਾ) ਦੇਵੇਗਾ। ਉਹਨਾਂ ਨੂੰ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਵਾਲੇ ਪਦਾਰਥ ਦਾ ਨੁਸਖਾ ਦੇਣ ਤੋਂ ਪਹਿਲਾਂ ਮਰੀਜ਼ ਨੂੰ ਇਹਨਾਂ ਪਦਾਰਥਾਂ ਬਾਰੇ ਕੁਝ ਖ਼ਾਸ ਜਾਣਕਾਰੀ ਦੇਣ ਦੀ ਲੋੜ ਹੁੰਦੀ ਹੈ।

ਬਹੁਤੀਆਂ ਦਵਾਈਆਂ ਦੇ ਉਲਟ, ਇਹ ਲਿਖਤ ਤਜਵੀਜ਼ ਮਰੀਜ਼ਾਂ ਨੂੰ ਨਹੀਂ ਦਿੱਤੀ ਜਾਵੇਗੀ। ਇਸ ਦੀ ਬਜਾਏ, ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਇਸ ਨੂੰ ਵੈਸਟਰਨ ਆਸਟਰੇਲੀਆਈ ਵਲੰਟਰੀ ਅਸਿਸਟੈਂਟ ਡਾਂਇੰਗ ਸਟੇਟਵਾਈਡ ਫਾਰਮੇਸੀ ਸਰਵਿਸ (SWPS) ਵਿਚ ਸਿੱਧੇ ਤੌਰ 'ਤੇ ਅਧਿਕਾਰਤ ਸਪਲਾਇਰ ਨੂੰ ਦੇਵੇਗਾ।

## 9. 'ਸਹਾਇਤਾ ਨਾਲ ਸਵੈ-ਇੱਛਤ ਮੌਤ' ਵਾਲੇ ਪਦਾਰਥ ਦੀ ਸਪਲਾਈ ਅਤੇ ਵਰਤੋਂ

'ਸਹਾਇਤਾ ਨਾਲ ਸਵੈ-ਇੱਛਤ ਮੌਤ' ਵਾਲੇ ਪਦਾਰਥਾਂ ਦੀ ਸਪਲਾਈ ਅਧਿਕਾਰਤ ਸਪਲਾਇਰ ਦੁਆਰਾ ਉਦੋਂ ਤੱਕ SWPS 'ਤੇ ਨਹੀਂ ਕੀਤੀ ਜਾ ਸਕਦੀ, ਜਦ ਤੱਕ ਕਿ ਉਹ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਤੋਂ ਲਿਖ਼ਤ ਤਜ਼ਵੀਜ਼ ਪ੍ਰਾਪਤ ਅਤੇ ਪ੍ਰਮਾਣਿਤ ਨਹੀਂ ਕਰਦੇ ਹਨ।

ਜੇ ਮਰੀਜ਼ ਨੇ ਆਪਣੇ-ਆਪ ਲੈਣ ਦਾ ਫੈਸਲਾ ਕੀਤਾ ਹੈ, ਤਾਂ ਅਧਿਕਾਰਤ ਸਪਲਾਇਰ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਵਾਲਾ ਪਦਾਰਥ ਸਿੱਧੇ ਤੌਰ 'ਤੇ ਮਰੀਜ਼, ਉਹਨਾਂ ਦੇ ਸੰਪਰਕ ਵਿਅਕਤੀ ਜਾਂ ਕਿਸੇ ਹੋਰ ਵਿਅਕਤੀ ਨੂੰ ਸਪਲਾਈ ਕਰ ਸਕਦਾ ਹੈ ਜੋ ਮਰੀਜ਼ ਦੀ ਤਰਫੋਂ ਪਦਾਰਥ ਲੈ ਜਾ ਸਕਦਾ ਹੈ। 'ਸਹਾਇਤਾ ਨਾਲ ਸਵੈ-ਇੱਛਤ ਮੌਤ' ਵਾਲੇ ਪਦਾਰਥ (ਸਟੋਰੇਜ਼ ਅਤੇ

ਵਰਤੋਂ ਦੀਆਂ ਹਦਾਇਤਾਂ ਸਮੇਤ) ਬਾਰੇ ਲਿਖਤੀ ਜਾਣਕਾਰੀ ਅਧਿਕਾਰਤ ਸਪਲਾਇਰ ਦੁਆਰਾ ਮੁਹੱਈਆ ਕੀਤੀ ਜਾਏਗੀ ਅਤੇ ਪਦਾਰਥ ਫੜ੍ਹਕੇ ਲੈ ਜਾਣ ਵਾਲੇ ਵਿਅਕਤੀ ਨੂੰ ਦਿੱਤੀ ਜਾਏਗੀ।

ਜੇ ਰੋਗੀ ਨੇ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਵਾਲੇ ਪਦਾਰਥ ਨੂੰ ਡਾਕਟਰੀ ਪ੍ਰੈਕਟੀਸ਼ਨਰ ਜਾਂ ਨਰਸ ਪ੍ਰੈਕਟੀਸ਼ਨਰ {ਜਿਸ ਨੂੰ ਐਡਮਿਨਿਸਟ੍ਰਿੰਗ (ਦੇਣ ਵਾਲੇ) ਪ੍ਰੈਕਟੀਸ਼ਨਰ ਵਜੋਂ ਜਾਣਿਆ ਜਾਂਦਾ ਹੈ}, ਦੁਆਰਾ ਲੈਣ ਦਾ ਫ਼ੈਸਲਾ ਕੀਤਾ ਹੈ, ਤਾਂ ਪ੍ਰਮਾਣਿਤ ਸਪਲਾਇਰ ਪਦਾਰਥ ਨੂੰ ਸਿੱਧਾ ਐਡਮਿਨਿਸਟ੍ਰਿੰਗ ਪ੍ਰੈਕਟਿਸ਼ਨਰ ਨੂੰ ਸਪਲਾਈ ਕਰੇਗਾ (ਜੋ ਪਦਾਰਥ ਦੀ ਜ਼ਿੰਮੇਵਾਰੀ ਲਵੇਗਾ ਜਦੋਂ ਤਕ ਇਸ ਦੀ ਵਰਤੋਂ ਨਹੀਂ ਕੀਤੀ ਜਾਂਦੀ)।

### 10. ਮੌਤ ਸਰਟੀਫਿਕੇਟ

ਇਸ ਕਾਨੂੰਨ ਦੀ ਮੰਗ ਹੈ ਕਿ ਮਰੀਜ਼ ਦੀ ਮੌਤ ਦੇ ਸਰਟੀਫਿਕੇਟ 'ਤੇ ਸਵੈਇੱਛੁਕ ਤੌਰ 'ਤੇ ਸਹਾਇਤਾ ਨਾਲ ਮਰਨ ਦਾ ਕੋਈ ਹਵਾਲਾ ਨਹੀਂ ਹੋਣਾ ਚਾਹੀਦਾ ਹੈ। ਇਹ ਮਰੀਜ਼ ਦੀ (ਅਤੇ ਸੰਭਵ ਤੌਰ 'ਤੇ ਉਨ੍ਹਾਂ ਦੇ ਪਰਿਵਾਰ ਦੀ ਵੀ) ਗੁਪਤਤਾ ਦੇ ਸਤਿਕਾਰ ਅਤੇ ਸੁਰੱਖਿਆ ਲਈ ਹੈ। ਮੈਡੀਕਲ ਪ੍ਰੈਕਟੀਸ਼ਨਰ ਜੋ ਮਰੀਜ਼ ਦੀ ਮੌਤ ਦੀ ਪੁਸ਼ਟੀ ਕਰਦਾ ਹੈ ਅਤੇ ਇਸਦੀ ਤਸਦੀਕ ਕਰਦਾ ਹੈ, ਉਹ ਮੌਤ ਦੇ ਕਾਰਨ ਦੇ ਰੂਪ ਵਿੱਚ ਉਨ੍ਹਾਂ ਦੀ ਅੰਤਰੀਵ ਬਿਮਾਰੀ, ਰੋਗ ਜਾਂ ਡਾਕਟਰੀ ਸਮੱਸਿਆ ਨੂੰ ਦਰਜ਼ ਕਰੇਗਾ।

# ਪਹਿਲੀ ਬੇਨਤੀ ਕਰਨ ਤੋਂ ਬਾਅਦ ਦੀ ਜਾਣਕਾਰੀ

## ਮੈਡੀਕਲ ਪ੍ਰੈਕਟੀਸ਼ਨਰ ਦਾ ਫ਼ੈਸਲਾ

ਜਿਵੇਂ ਹੀ ਤੁਸੀਂ ਕਿਸੇ ਮੈਡੀਕਲ ਪ੍ਰੈਕਟੀਸ਼ਨਰ ਨੂੰ ਪਹਿਲੀ ਬੇਨਤੀ ਕੀਤੀ ਹੈ, ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਫੈਸਲਾ ਕਰਨਾ ਚਾਹੀਦਾ ਹੈ ਕਿ ਉਹ ਤੁਹਾਡੀ ਬੇਨਤੀ ਨੂੰ ਸਵੀਕਾਰ ਕਰਨਗੇ ਜਾਂ ਨਹੀਂ। ਭਾਵੇਂ ਮੈਡੀਕਲ ਪ੍ਰੈਕਟੀਸ਼ਨਰ ਤੁਹਾਡੀ ਬੇਨਤੀ ਨੂੰ ਸਵੀਕਾਰ ਕਰਦਾ ਹੈ ਜਾਂ ਨਾ-ਮਨਜ਼ੂਰ ਕਰਦਾ ਹੈ ਉਹਨਾਂ ਨੂੰ ਇਹ ਜਾਣਕਾਰੀ ਕਿਤਾਬਚਾ ਤੁਹਾਨੂੰ ਲਾਜ਼ਮੀ ਦੇਣਾ ਚਾਹੀਦਾ ਹੈ।

ਜੇ ਮੈਡੀਕਲ ਪ੍ਰੈਕਟੀਸ਼ਨਰ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੇ ਫ਼ੈਸਲੇ ਨਾਲ ਸਹਿਮਤ ਨਹੀਂ ਹੁੰਦਾ (ਸੁਹਿਰਦ ਇਤਰਾਜ਼ ਕਰਦਾ ਹੈ), ਉਹਨਾਂ ਨੂੰ ਲਾਜ਼ਮੀ ਤੌਰ 'ਤੇ **ਤੁਰੰਤ** ਹੀ ਤੁਹਾਡੀ ਪਹਿਲੀ ਬੇਨਤੀ ਨੂੰ ਇਨਕਾਰ ਕਰਨਾ ਚਾਹੀਦਾ ਹੈ ਅਤੇ ਤੁਹਾਨੂੰ ਸੂਚਿਤ ਕਰਨ ਕਿ ਉਹ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੇ ਫ਼ੈਸਲੇ ਵਿਚ ਤੁਹਾਡੀ ਸਹਾਇਤਾ ਕਰਨ ਦੇ ਯੋਗ ਨਹੀਂ ਹੋਣਗੇ ।

ਜੇ ਮੈਡੀਕਲ ਪ੍ਰੈਕਟੀਸ਼ਨਰ ਨੂੰ 'ਸਹਾਇਤਾ ਨਾਲ ਸਵੈ-ਇੱਛਤ ਮੌਤ' 'ਤੇ ਕੋਈ ਸੁਹਿਰਦ ਇਤਰਾਜ਼ ਨਹੀਂ ਹੈ, ਤਾਂ ਉਨ੍ਹਾਂ ਨੂੰ ਲਾਜ਼ਮੀ ਤੌਰ' ਤੇ ਤੁਹਾਨੂੰ ਸੂਚਿਤ ਕਰਨਾ ਪਏਗਾ ਕਿ ਕੀ ਤੁਹਾਡੇ ਦੁਆਰਾ ਪਹਿਲੀ ਬੇਨਤੀ ਕਰਨ ਤੋਂ ਬਾਅਦ ਦੋ ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ ਤੁਹਾਡੀ ਬੇਨਤੀ ਨੂੰ ਇਨਕਾਰ ਜਾਂ ਸਵੀਕਾਰ ਕਰਦੇ ਹਨ। ਸਾਰੇ ਮੈਡੀਕਲ ਪ੍ਰੈਕਟੀਸ਼ਨਰ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੀ ਪਹਿਲੀ ਬੇਨਤੀ ਨੂੰ ਸਵੀਕਾਰ ਕਰਨ ਦੇ ਯੋਗ ਨਹੀਂ ਹੋਣਗੇ। ਉਹ ਪ੍ਰੈਕਟੀਸ਼ਨਰ ਯੋਗਤਾ ਦੀਆਂ ਸ਼ਰਤਾਂ ਨੂੰ ਪੂਰਾ ਨਾ ਕਰਦੇ ਹੋਣ (ਉਦਾਹਰਣ ਲਈ ਉਹ ਉਚਿਤ ਲੰਬੇ ਸਮੇਂ ਤੋਂ ਡਾਕਟਰੀ ਪ੍ਰੈਕਟੀਸ਼ਨਰ ਨਹੀਂ ਹਨ) ਜਾਂ ਉਨ੍ਹਾਂ ਕੋਲ ਇਨਕਾਰ ਕਰਨ ਦਾ ਕੋਈ ਹੋਰ ਕਾਰਨ ਹੋ ਸਕਦਾ ਹੈ (ਉਦਾਹਰਣ ਲਈ ਉਹ ਉਪਲਬਧ ਨਹੀਂ ਹਨ)।

## ਅੱਗੇ ਕੀ ਹੁੰਦਾ ਹੈ?

ਜੇ ਮੈਡੀਕਲ ਪ੍ਰੈਕਟੀਸ਼ਨਰ ਨੇ ਤੁਹਾਡੀ ਪਹਿਲੀ ਬੇਨਤੀ ਨੂੰ ਸਵੀਕਾਰ ਕਰ ਲਿਆ ਹੈ, ਤਾਂ ਉਹ ਤੁਹਾਡੇ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਬਣ ਜਾਂਦੇ ਹਨ। ਤੁਹਾਡੇ ਕੋਆਰਡੀਨੇਟਿੰਗ ਪ੍ਰੈਕਟੀਸ਼ਨਰ ਵਜੋਂ ਉਹ ਮੁਲਾਂਕਣ ਪ੍ਰਕਿਰਿਆ ਦੀ ਸ਼ੁਰੂਆਤ ਕਰਨਗੇ, ਇਸ ਗੱਲ ਦੀ ਪੁਸ਼ਟੀ ਕਰਨ ਲਈ ਕਿ ਤੁਸੀਂ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੇ ਯੋਗ ਹੋ।

ਜੇ ਮੈਡੀਕਲ ਪ੍ਰੈਕਟੀਸ਼ਨਰ ਨੇ ਤੁਹਾਡੀ ਪਹਿਲੀ ਬੇਨਤੀ ਨੂੰ ਇਨਕਾਰ ਕਰ ਦਿੱਤਾ ਹੈ, ਤਾਂ ਇਹ ਤੁਹਾਡਾ ਫ਼ੈਸਲਾ ਹੈ ਕਿ ਅੱਗੇ ਕੀ ਹੁੰਦਾ ਹੈ। ਤੁਸੀਂ ਕਿਸੇ ਹੋਰ ਮੈਡੀਕਲ ਪ੍ਰੈਕਟੀਸ਼ਨਰ ਨੂੰ ਪਹਿਲੀ ਬੇਨਤੀ ਕਰਨ ਦੀ ਚੋਣ ਕਰ ਸਕਦੇ ਹੋ।

## ਕਿਹੜੀ ਜਾਣਕਾਰੀ ਅਤੇ ਸਹਾਇਤਾ ਉਪਲਬਧ ਹੈ?

ਵੈਸਟਰਨ ਆਸਟਰੇਲੀਅਨ ਵਲੰਟਰੀ ਅਸਿਸਟੇਟ ਡਾਇੰਗ ਸਟੇਟਵਾਈਡ ਕੇਅਰ ਨੈਵੀਗੇਟਰ ਸਰਵਿਸ (SWCNS) ਤੁਹਾਡੀ ਸਹਾਇਤਾ ਕਰਨ, ਤੁਹਾਨੂੰ ਜਾਣਕਾਰੀ ਪ੍ਰਦਾਨ ਕਰਨ ਅਤੇ ਤੁਹਾਡੇ ਕੋਲ ਹੋ ਸਕਦੇ ਸਵਾਲਾਂ ਦੇ ਜਵਾਬ ਦੇਣ ਲਈ ਉਪਲਬਧ ਹੈ। ਇਹ ਸੇਵਾ ਨਰਸ ਦੀ ਅਗਵਾਈ ਵਾਲੀ ਅਤੇ ਕੇਅਰ ਨੈਵੀਗੇਟਰਾਂ ਦੇ ਸਟਾਫ਼ ਵਾਲੀ ਹੈ ਜੋ WA ਵਿੱਚ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੇ ਕਾਨੂੰਨੀ ਅਤੇ ਵਿਹਾਰਕ ਪਹਿਲੂਆਂ ਤੋਂ ਜਾਣੂੰ, ਤਜਰਬੇਕਾਰ ਸਿਹਤ ਪੇਸ਼ੇਵਰ ਹਨ।

ਕੇਅਰ ਨੈਵੀਗੇਟਰ ਇਹ ਕਰ ਸਕਦੇ ਹਨ :

- 'ਸਹਾਇਤਾ ਨਾਲ ਸਵੈ-ਇੱਛਤ ਮੌਤ' ਬਾਰੇ ਆਮ ਜਾਣਕਾਰੀ ਦੇ ਸਕਦੇ ਹਨ
- WA ਵਿੱਚ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੀ ਪ੍ਰਕਿਰਿਆ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ
- ਕਿਸੇ ਮੈਡੀਕਲ ਪ੍ਰੈਕਟੀਸ਼ਨਰ ਜਾਂ ਨਰਸ ਪ੍ਰੈਕਟੀਸ਼ਨਰ ਦਾ ਸਥਾਨ ਲੱਭਣ ਵਿਚ ਮਦਦ ਕਰ ਸਕਦੇ ਹੋ ਜੋ ਇਸ ਵਿਚ ਹਿੱਸਾ ਲੈਣ ਲਈ ਰਜ਼ਾਮੰਦ ਅਤੇ ਯੋਗ ਹੈ
- ਨਿਰਧਾਰਤ ਕਰ ਸਕਦੇ ਹਨ ਕਿ ਕੀ ਤੁਸੀਂ ਖੇਤਰੀ ਸਹਾਇਤਾ ਪੈਕੇਜਾਂ ਨੂੰ ਪ੍ਰਾਪਤ ਕਰਨ ਦੇ ਯੋਗ ਹੋ
- ਤੁਹਾਨੂੰ ਹੋਰ ਮਦਦਗਾਰ ਸਰੋਤਾਂ ਨਾਲ ਜੋੜ ਸਕਦੇ ਹਨ।

SWCNS ਨਾਲ ਸਾਧਾਰਨ ਕੰਮਕਾਜੀ ਸਮੇਂ ਦੌਰਾਨ (ਸਵੇਰੇ 8:30 ਵਜੇ ਤੋਂ ਸ਼ਾਮ 5:00 ਵਜੇ ਤੱਕ) ਈਮੇਲ ਅਤੇ ਫ਼ੋਨ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

**ਈਮੇਲ:** VADcarenavigator@health.wa.gov.au

**ਫ਼ੋਨ:** **(08) 9431 2755**

WA ਦੇ ਸਿਹਤ ਵਿਭਾਗ ਤੋਂ ਔਨਲਾਈਨ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਬਾਰੇ ਵਧੇਰੇ ਜਾਣਕਾਰੀ ਉਪਲਬਧ ਹੈ।

**ਵੈੱਬਸਾਈਟ:** ww2.health.wa.gov.au/voluntaryassisteddying

ਤੁਹਾਡੀ ਸਥਿਤੀ ਦੇ ਅਧਾਰ 'ਤੇ ਹੋਰ ਸੇਵਾਵਾਂ ਵੀ ਹਨ ਜੋ ਤੁਹਾਡੇ ਲਈ ਸਹਾਇਕ ਹੋ ਸਕਦੀਆਂ ਹਨ:

ਪੈਲੀਏਟਿਵ ਕੇਅਰ (Palliative Care) WA ਤੁਹਾਨੂੰ ਜੀਵਨ-ਦੇ-ਅੰਤ ਦੀ ਯੋਜਨਾਬੰਦੀ, ਪੈਲੀਏਟਿਵ ਦੇਖਭਾਲ, ਸੋਗ ਅਤੇ ਘਾਟੇ ਬਾਰੇ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰ ਸਕਦੀ ਹੈ ਅਤੇ ਤੁਹਾਡੇ ਨੇੜੇ ਪੈਲੀਏਟਿਵ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਨੂੰ ਲੱਭਣ ਵਿਚ , ਉਹਨਾਂ ਦੀ ਔਨਲਾਈਨ ਡਾਇਰੈਕਟਰੀ ਦੀ ਭਾਲ ਕਰਕੇ ਜਾਂ ਉਹਨਾਂ ਦੀ ਪੈਲੀਏਟਿਵ ਕੇਅਰ ਜਾਣਕਾਰੀ ਅਤੇ ਸਹਾਇਤਾ ਲਾਈਨ 'ਤੇ ਕਾਲ ਕਰਕੇ ਤੁਹਾਡੀ ਸਹਾਇਤਾ ਕਰ ਸਕਦੀ ਹੈ।

**ਵੈੱਬਸਾਈਟ:** www.palliativecarewa.asn.au

**ਫ਼ੋਨ:** **1800 573 299** (ਸਵੇਰੇ 9:00 ਵਜੇ - ਸ਼ਾਮ 5:00 ਵਜੇ ਤੱਕ, ਹਫ਼ਤੇ ਦੇ 7 ਦਿਨ)

ਬੀਔਂਡ ਬਲਿਊ (Beyond Blue) ਮਾਨਸਿਕ ਸਿਹਤ ਅਤੇ ਤੰਦਰੁਸਤੀ ਲਈ ਸਹਾਇਤਾ ਪ੍ਰਦਾਨ ਕਰ ਸਕਦਾ ਹੈ, ਖ਼ਾਸਕਰ ਜੇ ਤੁਸੀਂ ਚਿੰਤਾ ਜਾਂ ਉਦਾਸੀ ਦਾ ਸਾਹਮਣਾ ਕਰ ਰਹੇ ਹੋ।

**ਵੈੱਬਸਾਈਟ:** www.beyondblue.org.au

**ਫ਼ੋਨ:** **1300 224 636** (ਦਿਨ ਜਾਂ ਰਾਤ ਕਿਸੇ ਵੀ ਸਮੇਂ)

ਲਾਈਫਲਾਈਨ ਸੰਕਟ ਸਹਾਇਤਾ ਪ੍ਰਦਾਨ ਕਰ ਸਕਦੀ ਹੈ ਜੇ ਤੁਹਾਨੂੰ ਭਾਵਨਾਤਮਕ ਪ੍ਰੇਸ਼ਾਨੀ ਨਾਲ ਨਜਿੱਠਣ ਲਈ ਤੁਰੰਤ ਸਹਾਇਤਾ ਦੀ ਲੋੜ ਹੋਵੇ।

**ਵੈੱਬਸਾਈਟ:** www.lifeline.org.au

**ਫ਼ੋਨ:** **13 11 14** (ਕਿਸੇ ਵੀ ਸਮੇਂ ਦਿਨ ਜਾਂ ਰਾਤ)

## ਮੇਰੀ ਨਿੱਜੀ ਜਾਣਕਾਰੀ ਦਾ ਕੀ ਹੁੰਦਾ ਹੈ?

Voluntary Assisted Dying Board (ਵਲੰਟਰੀ ਅਸਿਸਟਡ ਡਾਈਂਗ ਬੋਰਡ) *Voluntary Assisted Dying Act 2019 (ਵਲੰਟਰੀ ਅਸਿਸਟਡ ਡਾਈਂਗ ਐਕਟ 2019)* ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਸੁਰੱਖਿਆ ਅਤੇ ਗੁਣਵੱਤਾ ਵਿੱਚ ਸੁਧਾਰਾਂ ਦੀ ਸਿਫ਼ਾਰਸ਼ ਕਰਨ ਲਈ ਸਥਾਪਿਤ ਇੱਕ ਵਿਧਾਨਕ ਸੰਸਥਾ ਹੈ। ਬੋਰਡ ਉਹਨਾਂ ਸਾਰੇ ਵਿਅਕਤੀਆਂ ਦੀ ਗੋਪਨੀਯਤਾ ਦੀ ਰੱਖਿਆ ਕਰਨ ਲਈ ਵਚਨਬੱਧ ਹੈ ਜੋ ਪੱਛਮੀ ਆਸਟ੍ਰੇਲੀਆ ਵਿੱਚ ਸਵੈ-ਇੱਛਾ ਨਾਲ ਮਰਨ ਲਈ ਸਹਾਇਤਾ ਲਈ ਬੇਨਤੀ ਕਰਦੇ ਹਨ, ਜਾਂ ਇਸ ਤੱਕ ਪਹੁੰਚ ਕਰਦੇ ਹਨ। ਤੁਹਾਡੀ ਨਿੱਜੀ ਜਾਣਕਾਰੀ ਦਾ ਪ੍ਰਬੰਧਨ ਕਿਵੇਂ ਕੀਤਾ ਜਾਂਦਾ ਹੈ ਇਸ ਬਾਰੇ ਵਧੇਰੇ ਜਾਣਕਾਰੀ ਤੱਥ ਸ਼ੀਟ ਵਿੱਚ ਉਪਲਬਧ ਹੈ *ਮਰੀਜ਼ਾਂ ਲਈ ਉਹਨਾਂ ਦੇ ਡੇਟਾ ਬਾਰੇ ਜਾਣਕਾਰੀ* ਜੋ ਕਿ Voluntary Assisted Dying Board (ਸਵੈ-ਇੱਛਤ ਸਹਾਇਤਾ ਪ੍ਰਾਪਤ ਡਾਈਂਗ ਬੋਰਡ) ਦੀ ਵੈੱਬਸਾਈਟ 'ਤੇ ਉਪਲਬਧ ਹੈ: www.health.wa.gov.au/voluntaryassisteddyingboard ("ਬੋਰਡ ਦੇ ਕੰਮਕਾਜ" ਸਿਰਲੇਖ ਵਾਲੇ ਭਾਗ ਦੇ ਅਧੀਨ)।

## ਸਵੈ-ਇੱਛਤ ਸਹਾਇਤਾ ਨਾਲ ਮਰਨ ਦੀ ਪ੍ਰਕਿਰਿਆ 'ਤੇ ਫੀਡਬੈਕ ਪ੍ਰਦਾਨ ਕਰਨਾ

ਸਵੈ-ਇੱਛਤ ਸਹਾਇਤਾ ਪ੍ਰਾਪਤ ਮਰਨ ਦੀ ਪ੍ਰਕਿਰਿਆ ਵਿੱਚ ਸ਼ਾਮਲ ਕੋਈ ਵੀ ਵਿਅਕਤੀ (ਉਦਾਹਰਨ ਲਈ, ਮਰੀਜ਼, ਪਰਿਵਾਰ, ਪ੍ਰੈਕਟੀਸ਼ਨਰ) ਉਸ ਪ੍ਰਕਿਰਿਆ ਬਾਰੇ ਆਪਣਾ ਨਿੱਜੀ ਅਨੁਭਵ ਜਾਂ ਫੀਡਬੈਕ Voluntary Assisted Dying Board (ਵਲੰਟਰੀ ਅਸਿਸਟਡ ਡਾਈਂਗ ਬੋਰਡ) ਨਾਲ ਸਾਂਝਾ ਕਰਨਾ ਚਾਹ ਸਕਦਾ ਹੈ। ਇਹ *Personal Reflections form (ਪਰਸਨਲ ਰੈਫਲੈਕਸ਼ਨਜ਼ ਫਾਰਮ)* ਨੂੰ ਭਰ ਕੇ ਕੀਤਾ ਜਾ ਸਕਦਾ ਹੈ।

ਇਹ ਵਲੰਟਰੀ ਅਸਿਸਟਡ ਡਾਈਂਗ ਬੋਰਡ ਦੀ ਵੈੱਬਸਾਈਟ 'ਤੇ ਉਪਲਬਧ ਹੈ: www.health.wa.gov.au/voluntaryassisteddyingboard ("ਬੋਰਡ ਦੇ ਕੰਮ" ਸਿਰਲੇਖ ਵਾਲੇ ਭਾਗ ਦੇ ਅਧੀਨ)। ਤੁਸੀਂ SWCNS, ਜਾਂ ਆਪਣੇ ਕੋਆਰਡੀਨੇਟਿੰਗ ਜਾਂ ਸਲਾਹਕਾਰ ਪ੍ਰੈਕਟੀਸ਼ਨਰ ਤੋਂ ਵੀ ਫਾਰਮ ਦੀ ਮੰਗ ਕਰ ਸਕਦੇ ਹੋ।

ਸਵੈ-ਇੱਛਾ ਨਾਲ ਮਰਨ ਲਈ ਸਹਾਇਤਾ ਦੀ ਪ੍ਰਕਿਰਿਆ ਦੇ ਕਿਸੇ ਵੀ ਪੜਾਅ 'ਤੇ ਤੁਸੀਂ *Personal Reflections form (ਪਰਸਨਲ ਰੈਫਲੈਕਸ਼ਨਜ਼)* ਨੂੰ ਪੂਰਾ ਕਰ ਸਕਦੇ ਹੋ।

## ਸ਼ਿਕਾਇਤ ਦੀ ਜਾਣਕਾਰੀ

ਜੇ ਤੁਸੀਂ 'ਸਹਾਇਤਾ ਨਾਲ ਸਵੈ-ਇੱਛਤ ਮੌਤ' ਦੀ ਪ੍ਰਕਿਰਿਆ ਦੇ ਆਪਣੇ ਅਨੁਭਵ ਬਾਰੇ ਚਿੰਤਤ ਹੋ ਤਾਂ ਤੁਹਾਨੂੰ ਇਸ ਨੂੰ ਪਹਿਲਾਂ ਸੰਬੰਧਤ ਵਿਅਕਤੀ, ਸੇਵਾ ਪ੍ਰਦਾਤਾ ਜਾਂ ਏਜੰਸੀ ਨਾਲ ਉਠਾਉਣਾ ਚਾਹੀਦਾ ਹੈ (ਜਿਸ ਕੋਲ ਤੁਹਾਡੇ ਪਾਲਣ ਕਰਨ ਲਈ ਸ਼ਿਕਾਇਤਾਂ ਪ੍ਰਕਿਰਿਆ ਹੋਣੀ ਚਾਹੀਦੀ ਹੈ)।

ਤੁਸੀਂ ਉਨ੍ਹਾਂ ਵਿਅਕਤੀਆਂ ਜਾਂ ਸੰਸਥਾਵਾਂ ਬਾਰੇ ਸ਼ਿਕਾਇਤ ਕਰ ਸਕਦੇ ਹੋ ਜੋ ਹੈਲਥ ਐਂਡ ਡਿਸਬਿਲਟੀ ਸਰਵਿਸਜ਼ ਕੰਪਲੈਂਟ ਆਫ਼ਿਸ (HaDSCO) ਨੂੰ ਸਿਹਤ,ਅਪਾਹਜਤਾ ਜਾਂ ਮਾਨਸਿਕ ਸਿਹਤ ਸੇਵਾਵਾਂ ਪ੍ਰਦਾਨ ਕਰਦੇ ਹਨ। ਵਧੇਰੇ ਜਾਣਕਾਰੀ HaDSCO ਦੀ ਵੈਬਸਾਈਟ (www.hadsco.wa.gov.au) 'ਤੇ ਪਾਈ ਜਾ ਸਕਦੀ ਹੈ।

ਤੁਸੀਂ ਆਸਟ੍ਰੇਲੀਆਈ ਸਿਹਤ ਪ੍ਰੈਕਟੀਸ਼ਨਰ ਰੈਗੂਲੇਸ਼ਨ ਏਜੰਸੀ (ਏ.ਐੱਚ.ਪੀ.ਆਰ.ਏ)(AHPRA) ਨਾਲ ਰਜਿਸਟਰਡ ਸਿਹਤ ਪ੍ਰੈਕਟੀਸ਼ਨਰ ਦੇ ਆਚਰਣ ਅਤੇ ਕਾਰਗੁਜ਼ਾਰੀ ਬਾਰੇ ਚਿੰਤਾਵਾਂ ਜ਼ਾਹਰ ਕਰ ਸਕਦੇ ਹੋ। ਵਧੇਰੇ ਜਾਣਕਾਰੀ AHPRA ਦੀ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ (www.ahpra.gov.au)।

ਤੁਸੀਂ ਵਾਲੰਟਰੀ ਅਸਿਸਟੇਡ ਡਾਇੰਗ ਬੋਰਡ ਨਾਲ ਕਿਸੇ ਸਿਹਤ ਪੇਸ਼ੇਵਰ ਬਾਰੇ ਚਿੰਤਾਵਾਂ ਜ਼ਾਹਰ ਕਰ ਸਕਦੇ ਹੋ ਜੋ ਇਸ ਕਾਨੂੰਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ ਹੈ। ਵਧੇਰੇ ਜਾਣਕਾਰੀ ਵਾਲੰਟਰੀ ਅਸਿਸਟੇਡ ਡਾਇੰਗ ਬੋਰਡ ਦੀ ਵੈੱਬਸਾਈਟ (ww2.health.wa.gov.au/voluntaryassisteddyingboard) 'ਤੇ ਲੱਭੀ ਜਾ ਸਕਦੀ ਹੈ।

ਇਸ ਦਸਤਾਵੇਜ਼ ਨੂੰ ਅਪਾਹਜ਼ਤਾ ਵਾਲੇ ਕਿਸੇ ਵਿਅਕਤੀ ਦੀ ਬੇਨਤੀ ‘ਤੇ ਹੋਰ ਫਾਰਮੈਟਾਂ ਵਿੱਚ ਵੀ ਉਪਲਬਧ ਕਰਵਾਇਆ ਜਾ ਸਕਦਾ ਹੈ।

ਹੈਲਥ ਨੈੱਟਵਰਕ ਦੁਆਰਾ ਤਿਆਰ ਕੀਤਾ ਗਿਆ
© ਸਿਹਤ ਵਿਭਾਗ 2022

ਇਸ ਸਮੱਗਰੀ ਦੇ ਕਾਪੀਰਾਈਟ ਦਾ ਅਧਿਕਾਰ ਵੈਸਟਰਨ ਆਸਟਰੇਲੀਆ ਦੇ ਰਾਜ ਦਾ ਹੈ ਜਦੋਂ ਤੱਕ ਕੁਝ ਹੋਰ ਨਹੀਂ ਦੱਸਿਆ ਜਾਂਦਾ। ਨਿੱਜੀ ਅਧਿਐਨ, ਖੋਜ, ਅਲੋਚਨਾ ਜਾਂ ਸਮੀਖਿਆ ਦੇ ਉਦੇਸ਼ਾਂ ਲਈ ਕਿਸੇ ਨਿਆਂਪੂਰਨ ਵਰਤੋਂ ਤੋਂ ਇਲਾਵਾ, ਜਿਵੇਂ ਕਿ *ਕਾਪੀਰਾਈਟ ਐਕਟ 1968* ਦੀਆਂ ਧਾਰਾਵਾਂ ਤਹਿਤ ਆਗਿਆ ਦਿੱਤੀ ਗਈ ਹੈ, ਵੈਸਟਰਨ ਆਸਟ੍ਰੇਲੀਆ ਸਰਕਾਰ ਦੀ ਲਿਖਤ ਇਜ਼ਾਜ਼ਤ ਤੋਂ ਬਿਨਾਂ ਕਿਸੇ ਵੀ ਹਿੱਸੇ ਨੂੰ ਕਿਸੇ ਵੀ ਮਕਸਦ ਲਈ ਦੁਬਾਰਾ ਬਣਾਇਆ ਜਾਂ ਦੁਬਾਰਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ।

HEN-013975 JAN'22